Edit 09.qxd 12/8/2024 7:52 PM Page 1

ਅਜੀਤ

ਵਿਚਾਰ-ਪ੍ਰਵਾਹ

ਗੰਭੀਰ ਸੰਜੀਦਗੀ ਦੀ ਘਾਟ ਅਸਫ਼ਲਤਾਵਾਂ ਦਾ ਕਾਰਨ ਬਣਦੀ ਹੈ।
—ਐਮਰਸਨ

ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਪਹਿਲ ਕਰੇ

ਦੇਸ਼ 'ਚ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦਾ ਮੁੱਦਾ ਇਕ ਵਾਰ ਫਿਰ ਭਖਿਆ ਹੋਇਆ ਹੈ। ਇਸ ਮੁੱਦੇ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚੇ ਵਲੋਂ ਪਿਛਲੇ ਲਗਭਗ 10 ਮਹੀਨਿਆਂ ਤੋਂ ਹਰਿਆਣਾ ਨਾਲ ਲਗਦੀਆਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਅੰਦੋਲਨ ਕੀਤਾ ਜਾ ਰਿਹਾ ਹੈ। ਇਸ ਅੰਦੋਲਨ ਦੌਰਾਨ ਪਹਿਲਾਂ ਵੀ ਅਤੇ ਹੁਣ ਵੀ ਪੰਜਾਬ ਦੇ ਕਿਸਾਨਾਂ ਅਤੇ ਹਰਿਆਣੇ ਦੀ ਸਰਹੱਦ 'ਤੇ ਤਾਇਨਾਤ ਸੁਰੱਖਿਆ ਦਲਾਂ ਦਰਮਿਆਨ ਕਈ ਵਾਰ ਝੜਪਾਂ ਹੋ ਚੁੱਕੀਆਂ ਹਨ। ਇਨ੍ਹਾਂ ਝੜਪਾਂ ਵਿਚ ਅਨੇਕਾਂ ਕਿਸਾਨ ਗੰਭੀਰ ਰੂਪ 'ਚ ਜ਼ਖ਼ਮੀ ਵੀ ਹੁੰਦੇ ਰਹੇ ਹਨ। ਹੁਣ ਇਕ ਵਾਰ ਫਿਰ ਇਹ ਅੰਦੋਲਨ ਕਾਫ਼ੀ ਤੇਜ਼ ਹੁੰਦਾ ਨਜ਼ਰ ਆ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਦੇ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਇਸ ਸਮੇਂ ਮਰਨ ਵਰਤ 'ਤੇ ਬੈਠੇ ਹਨ। ਇਨ੍ਹਾਂ ਕਿਸਾਨ ਸੰਗਠਨਾਂ ਵਲੋਂ 'ਦਿੱਲੀ ਚੱਲੋ' ਦੇ ਦੁਬਾਰਾ ਦਿੱਤੇ ਗਏ ਸੱਦੇ ਨੂੰ ਸ਼ੰਭੂ ਦੀ ਸਰਹੱਦ 'ਤੇ ਹਰਿਆਣਾ ਦੇ ਸੁਰੱਖਿਆ ਦਲਾਂ ਵਲੋਂ ਇਕ ਵਾਰ ਫਿਰ ਨਾਕਾਮ ਕਰ ਦਿੱਤਾ ਗਿਆ ਹੈ। ਉਨ੍ਹਾਂ ਸੁਰੱਖਿਆ ਦਲਾਂ ਵਲੋਂ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਗਏ ਹਨ। ਇਕ ਵਾਰ ਫਿਰ ਕੁਝ ਕਿਸਾਨ ਜ਼ਖ਼ਮੀ ਹੋਏ ਹਨ।

ਇਸੇ ਦੌਰਾਨ ਰਾਜ ਸਭਾ 'ਚ ਕਿਸਾਨਾਂ ਦੇ ਸਮਰਥਨ ਮੁੱਲ ਦੀ ਗਾਰੰਟੀ ਦਾ ਮੁੱਦਾ ਉੱਠਣ 'ਤੇ ਦੇਸ਼ ਦੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਖਿਆ ਹੈ ਕਿ ਮੋਦੀ ਸਰਕਾਰ ਕਿਸਾਨਾਂ ਦੀਆਂ ਜਿਣਸਾਂ ਸਮਰਥਨ ਮੁੱਲ 'ਤੇ ਖਰੀਦਣ ਲਈ ਤਿਆਰ ਹੈ ਅਤੇ ਇਸ ਨੂੰ ਸਰਕਾਰ ਵਲੋਂ ਗਾਰੰਟੀ ਸਮਝਿਆ ਜਾਣਾ ਚਾਹੀਦਾ ਹੈ। ਸਾਡੀ ਇਹ ਰਾਇ ਹੈ ਕਿ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਕੇਵਲ ਅਜਿਹੇ ਬਿਆਨਾਂ ਨਾਲ ਹੀ ਕਿਸਾਨਾਂ ਦੀ ਸੰਤੁਸ਼ਟੀ ਹੋਣੀ ਸੰਭਵ ਨਹੀਂ ਹੈ। ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਸਿਧਾਂਤਕ ਤੌਰ 'ਤੇ ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਸੀ 2 + 50 ਫ਼ੀਸਦੀ ਦੇ ਫਾਰਮੂਲੇ ਅਨੁਸਾਰ ਸਮਰਥਨ ਮੁੱਲ ਦੇਣ ਦੀ ਕਾਨੂੰਨੀ ਗਾਰੰਟੀ ਦੇਣ ਲਈ ਤਿਆਰ ਹੈ ਜਾਂ ਨਹੀਂ। ਜੇਕਰ ਸਰਕਾਰ ਅਜਿਹਾ ਕਰਨ ਦੀ ਥਾਂ ਕੋਈ ਹੋਰ ਵਿਚਕਾਰਲਾ ਰਸਤਾ ਕੱਢਣ ਲਈ ਵੀ ਆਪਣੀ ਪ੍ਰਤੀਬੱਧਤਾ ਪ੍ਰਗਟਾਉਣ ਲਈ ਸਹਿਮਤ ਹੈ ਤਾਂ ਵੀ ਸਰਕਾਰ ਨੂੰ ਅੰਦੋਲਨਕਾਰੀ ਕਿਸਾਨ ਸੰਗਠਨਾਂ ਸਮੇਤ ਦੇਸ਼ ਦੇ ਹੋਰਨਾਂ ਪ੍ਰਮੁੱਖ ਕਿਸਾਨ ਸੰਗਠਨਾਂ ਨਾਲ ਵੀ ਗੱਲਬਾਤ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਵਿਸ਼ਵਾਸ 'ਚ ਲੈਣ ਤੋਂ ਬਿਨਾਂ ਸੰਸਦ 'ਚ ਖੇਤੀਬਾੜੀ ਮੰਤਰੀ ਵਲੋਂ ਦਿੱਤੇ ਜਾਣ ਵਾਲੇ ਬਿਆਨਾਂ ਨਾਲ ਨਾ ਤਾਂ ਕਦੇ ਪਹਿਲਾਂ ਕਿਸਾਨਾਂ ਦੀ ਸੰਤੁਸ਼ਟੀ ਹੋਈ ਹੈ ਅਤੇ ਨਾ ਹੀ ਹੁਣ ਹੋ ਸਕਦੀ ਹੈ। ਬਿਹਤਰ ਇਹੀ ਹੋਵੇਗਾ ਕਿ ਹੋਰ ਸਮਾਂ ਗੁਆਉਣ ਦੀ ਥਾਂ ਇਕ ਵਾਰ ਫਿਰ ਕੇਂਦਰ ਸਰਕਾਰ ਕਿਸਾਨ ਸੰਗਠਨਾਂ ਨਾਲ ਗੱਲਬਾਤ ਦਾ ਸਿਲਸਿਲਾ ਆਰੰਭ ਕਰੇ।

ਅਜਿਹੀ ਗੱਲਬਾਤ ਕਿਸਾਨ ਸੰਗਠਨਾਂ ਨੂੰ ਬੁਲਾ ਕੇ ਦਿੱਲੀ ਵਿਚ ਵੀ ਹੋ ਸਕਦੀ ਹੈ ਅਤੇ ਚੰਡੀਗੜ੍ਹ ਵਿਚ ਵੀ ਹੋ ਸਕਦੀ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅੰਦੋਲਨਕਾਰੀ ਕਿਸਾਨ ਸੰਗਠਨਾਂ ਨਾਲ ਚੰਡੀਗੜ੍ਹ 'ਚ ਗੱਲਬਾਤ ਦੇ ਕਈ ਦੌਰ ਹੋਏ ਸਨ ਅਤੇ ਇਨ੍ਹਾਂ ਵਿਚ ਕੇਂਦਰੀ ਮੰਤਰੀਆਂ ਨੇ ਪੰਜਾਬ ਦੇ ਕਿਸਾਨਾਂ ਨਾਲ 5 ਫ਼ਸਲਾਂ ਦੀ ਸਮਰਥਨ ਮੁੱਲ 'ਤੇ ਖਰੀਦ ਦਾ ਭਰੋਸਾ ਦਿੱਤਾ ਸੀ ਪਰ ਕਿਸਾਨ ਆਗੂ ਸਾਰੀਆਂ 23 ਫ਼ਸਲਾਂ ਦੀ ਸਮਰਥਨ ਮੁੱਲ 'ਤੇ ਖਰੀਦ ਦੀ ਕਾਨੂੰਨੀ ਗਾਰੰਟੀ ਚਾਹੁੰਦੇ ਸਨ, ਜਿਸ ਕਾਰਨ ਗੱਲਬਾਤ ਸਫਲ ਨਾ ਹੋ ਸਕੀ। ਸਾਡੀ ਇਹ ਸਪੱਸ਼ਟ ਰਾਇ ਹੈ ਕਿ ਇਹ ਵੱਡਾ ਮਸਲਾ ਗੱਲਬਾਤ ਰਾਹੀਂ ਹੀ ਸੁਲਝਾਇਆ ਜਾ ਸਕਦਾ ਹੈ। ਕੇਂਦਰੀ ਸਰਕਾਰ ਨੂੰ ਕਿਸਾਨਾਂ ਪ੍ਰਤੀ ਆਪਣਾ ਸਖ਼ਤ ਵਤੀਰਾ ਛੱਡਣਾ ਚਾਹੀਦਾ ਹੈ ਅਤੇ ਦੂਜੇ ਪਾਸੇ ਅੰਦੋਲਨਕਾਰੀ ਕਿਸਾਨ ਸੰਗਠਨਾਂ ਅਤੇ ਦੇਸ਼ ਦੇ ਹੋਰ ਕਿਸਾਨ ਸੰਗਠਨਾਂ ਨੂੰ ਵੀ ਤਰਕਸੰਗਤ ਅਤੇ ਬਾਦਲੀਲ ਢੰਗ ਨਾਲ ਕੇਂਦਰ ਸਰਕਾਰ ਨਾਲ ਗੱਲਬਾਤ ਸ਼ੁਰੂ ਕਰਨ ਲਈ ਸਹਿਮਤੀ ਬਣਾਉਣੀ ਚਾਹੀਦੀ ਹੈ। ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਹਰਿਆਣਾ ਅਤੇ ਪੰਜਾਬ ਵਿਚਕਾਰ ਆਵਾਜਾਈ ਦੇ ਰਸਤੇ ਪਿਛਲੇ ਲੰਬੇ ਸਮੇਂ ਤੋਂ ਬੰਦ ਹੋਣ ਕਾਰਨ ਪੰਜਾਬ ਦੇ ਸਨਅਤਕਾਰਾਂ ਤੇ ਕਾਰੋਬਾਰੀਆਂ ਸਮੇਤ ਆਮ ਲੋਕਾਂ ਨੂੰ ਵੀ ਵੱਡਾ ਨੁਕਸਾਨ ਹੋ ਰਿਹਾ ਹੈ। ਲੋਕਾਂ ਦੀ ਇਸ ਸਮੱਸਿਆ ਨੂੰ ਵੀ ਸਮਝਿਆ ਜਾਣਾ ਚਾਹੀਦਾ ਹੈ। ਆਸ ਕਰਦੇ ਹਾਂ ਕਿ ਕੇਂਦਰ ਸਰਕਾਰ, ਹਰਿਆਣਾ ਸਰਕਾਰ ਅਤੇ ਪੰਜਾਬ ਦੇ ਅੰਦੋਲਨਕਾਰੀ ਕਿਸਾਨ ਸੰਗਠਨ ਅਤੇ ਹੋਰ ਕਿਸਾਨ ਜਥੇਬੰਦੀਆਂ ਦੇਸ਼ ਦੇ ਲੋਕਾਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਇਕ ਵਾਰ ਫਿਰ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਵਾਜਬ ਰੁਖ਼ ਅਖ਼ਤਿਆਰ ਕਰਨਗੇ।

ਖੇਤਰੀ ਪਾਰਟੀ

ਅਨਮੋਲਦੀਪ ਸਿੰਘ

ਪੰਜਾਬ ਦੀ ਰਾਜਨੀਤੀ ਮੁੱਢ ਤੋਂ ਹੀ ਕੁਝ ਮੂਲ ਸਿਧਾਂਤਾਂ 'ਤੇ ਆਧਾਰਿਤ ਰਹੀ ਹੈ। ਇਸ ਖਿੱਤੇ ਦੇ ਲੋਕਾਂ ਵਿਚ ਆਪਣੀ ਮਿੱਟੀ, ਆਪਣੇ ਧਰਮ ਪ੍ਰਤੀ ਮਰ ਮਿਟਣ ਦੀ ਭਾਵਨਾ ਹੈ। ਜੇ ਇਤਿਹਾਸ ਦੀ ਗੱਲ ਕੀਤੀ ਜਾਵੇ ਤਾਂ ਪੰਜਾਬੀ ਸਿੱਖ ਭਾਈਚਾਰਾ ਆਪਣੀਆਂ ਗਲਤੀਆਂ ਤੋਂ ਵੇਲਾ ਲੰਘੇ 'ਤੇ ਸਿੱਖਦਾ ਹੈ। ਭਾਵੇਂ ਸਿੱਖ ਰਾਜ ਖੁੱਸਣ ਤੋਂ ਬਾਅਦ ਇਸਾਈਵਾਦ 'ਚ ਹੁੰਦੇ ਵਾਧੇ ਨੂੰ ਵੇਖ ਕੇ ਸਿੰਘ ਸਭਾ ਲਹਿਰ ਵਲੋਂ ਸਿੱਖ ਵਿੱਦਿਆ ਦੇ ਪਸਾਰੇ ਲਈ ਖ਼ਾਲਸਾ ਕਾਲਜ ਵਰਗੀ ਸੰਸਥਾ ਨੂੰ ਖੋਲ੍ਹਣ ਦੀ ਗੱਲ ਹੋਵੇ। ਅਸੀਂ ਹਮੇਸ਼ਾਂ ਤੋਂ ਹੀ ਆਪਣਾ ਨੁਕਸਾਨ ਕਰਵਾਉਣ ਤੋਂ ਬਾਅਦ ਆਪਣੇ ਹੱਕਾਂ ਦੀ ਗੱਲ ਕਰਦੇ ਹਾਂ। ਮੌਜੂਦਾ ਸਮੇਂ ਵੱਲ ਵੇਖੀਏ ਤਾਂ ਅੱਜ ਅਸੀਂ ਆਪਣੀ ਖੇਤਰੀ ਪਾਰਟੀ ਤੋਂ ਸੱਖਣੇ ਹੁੰਦੇ ਜਾਪਦੇ ਹਾਂ। ਸਾਨੂੰ ਇਸ ਗੱਲ ਦਾ ਇਲਮ ਵੀ ਹੈ ਕਿ ਅਸੀਂ ਭਾਰਤ ਦੇਸ਼ ਅੰਦਰ ਘੱਟ ਗਿਣਤੀ ਵਿੱਚ ਹਾਂ। ਸਾਡੀ ਢੋਈ ਆਪਣੀ ਸਾਡੀ ਖੇਤਰੀ ਪਾਰਟੀ ਤੋਂ ਬਿਨਾਂ ਕਿਤੇ ਵੀ ਨਹੀਂ। ਅੱਜ ਅਸੀਂ ਜੇ ਆਪਣੇ-ਆਪ ਨੂੰ ਸਵਾਲ ਕਰਕੇ ਵੇਖੀਏ ਕਿ, ਕੀ ਇਹ ਰਾਸ਼ਟਰੀ ਪੱਧਰ ਦੀਆਂ ਪਾਰਟੀਆਂ ਸਾਡੇ ਪੰਜਾਬ ਦੀ ਰਾਜਨੀਤੀ ਨੂੰ ਸੱਚਮੁੱਚ ਸਮਝ ਸਕਦੀਆਂ ਹਨ। ਪੰਜਾਬੀ ਜਜ਼ਬਾਤੀ ਲੋਕ ਹਨ, ਸਾਨੂੰ ਸਾਡੇ ਆਪਣੇ ਮਿੱਟੀ ਦੇ ਜੰਮਿਆਂ ਦੀ ਅਧੀਨਗੀ ਤਾਂ ਕਬੂਲ ਹੈ, ਪਰ ਅਸੀਂ ਸ਼ੈਤਾਨ ਰੂਪੀ ਬਾਹਰੀ ਨੇਤਾਵਾਂ ਦੀ ਅਗਵਾਈ ਕਬੂਲ ਨਹੀਂ ਕਰ ਸਕਦੇ। ਇਤਿਹਾਸ ਖੰਗਾਲਣ ਤੋਂ ਬਾਅਦ ਸਾਡੀ ਸਮਝ ਵੀ ਇਹ ਗੱਲ ਦੱਸਦੀ ਹੈ ਕਿ ਬਾਹਰੀ ਨੇਤਾ ਸਾਡੇ ਜਜ਼ਬਾਤਾਂ ਨਾਲ ਖੇਡ ਤਾਂ ਸਕਦੇ ਹਨ, ਪਰ ਸਾਡੇ ਹੱਕ ਦੀ ਗੱਲ ਕਦੇ ਵੀ ਨਹੀਂ ਕਰ ਸਕਦੇ। ਜੇ ਇਹ ਲੋਕ ਸਾਡੇ ਪਾਵਨ ਪਵਿੱਤਰ ਅਸਥਾਨ ਦੀ ਟੈਂਕਾਂ, ਤੋਪਾਂ ਨਾਲ ਬੇਅਦਬੀ ਕਰ ਸਕਦੇ ਹਨ। ਜੇ ਦੇਸ਼ ਦੀ ਰਾਜਧਾਨੀ ਵਿੱਚ ਜ਼ਕਰੀਆ ਖਾਨ ਵਾਲੇ ਦੌਰ ਨੂੰ ਮੁੜ ਦੁਹਰਾ ਸਕਦੇ ਹਨ ਤਾਂ ਅਸੀਂ ਇਨ੍ਹਾਂ ਬਾਹਰੀ ਲੋਕਾਂ ਲਈ ਜ਼ਰਾ ਵੀ ਮਾਅਨੇ ਨਹੀਂ ਰੱਖਦੇ। ਸਾਡੇ ਬਾਪ ਦਾਦਿਆਂ ਦੀ ਵਿਰਾਸਤ ਅਕਾਲੀ ਦਲ ਭਾਵੇਂ ਅੱਜ ਮਾੜੀਆਂ ਨੀਤੀਆਂ ਕਾਰਨ ਪਿਛਲੇ 100 ਸਾਲ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੈ, ਪਰ ਤਾਂ ਵੀ ਇਸ ਪਾਰਟੀ ਦੀ ਦੁਰਦਸ਼ਾ ਵੱਲ ਵੇਖ ਕੇ ਵੈਰਾਗ ਆਉਂਦਾ ਹੈ। ਜਦੋਂ ਇਸ ਪਾਰਟੀ ਦਾ ਕਿਤਾਬਾਂ 'ਚ ਪੜ੍ਹਿਆ ਇਤਿਹਾਸ ਅਤੇ ਅੱਖੀਂ ਡਿੱਠੇ ਹਾਲਾਤ ਵੇਖਦੇ ਹਾਂ ਤਾਂ ਆਪ ਮੁਹਾਰੇ ਅੱਖਾਂ ਨਮ ਹੋ ਜਾਂਦੀਆਂ ਹਨ। ਇਹ ਸਾਰੀ ਦੁਨੀਆ 'ਚ ਉੱਭਰੀ ਏਨੀ ਵੱਡੀ ਲਹਿਰ ਸੀ ਕਿ ਜਿਸ ਦੇ ਫਲਸਵਰੂਪ ਸਾਡੇ ਗੁਰੂਧਾਮ, ਸਾਡੇ ਸਿਰ ਦੀਆਂ ਦਸਤਾਰਾਂ ਸੁਰੱਖਿਅਤ ਹਨ। ਉਹ ਲੀਡਰਸ਼ਿਪ ਅਸਲ ਜੁਝਾਰੂ ਯੋਧਿਆਂ ਦੀ ਲੀਡਰਸ਼ਿਪ ਸੀ। ਉਹ ਲੀਡਰ ਪੜ੍ਹੇ ਲਿਖੇ, ਸੂਝਵਾਨ ਅਤੇ ਹਿੱਕ ਡਾਹ ਕੇ ਖੜ੍ਹਨ ਤੇ ਲੜਨ ਵਾਲੇ ਸਨ। ਅੱਜ ਉਹ ਕਾਲਾ ਦੌਰ ਮੁੜ ਆਉਂਦਾ ਜਾਪਦਾ ਹੈ ਜਦੋਂ ਅਸੀਂ ਆਪਣੇ ਖਿੱਤੇ ਦੇ, ਆਪਣੇ ਧਰਮ ਵਿਚੋਂ ਉਪਜੇ ਨੇਤਾ ਤੋਂ ਸੱਖਣੇ ਸੀ। ਸਾਡੇ ਪੰਜਾਬ ਦਾ ਸਾਡੀ ਖੇਤਰੀ ਪਾਰਟੀ ਤੋਂ ਬਿਨਾਂ ਗੁਜ਼ਾਰਾ ਨਹੀਂ । ਸਾਡੇ ਕੋਲ ਹਾਲੇ ਵੀ ਸੰਭਲਣ ਦਾ ਮੌਕਾ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲ ਵਾਰਸ ਹੀ ਇਸ ਖਿੱਤੇ ਦੀ ਅਗਵਾਈ ਕਰ ਸਕਦੇ ਹਨ।

-ਅਸਿਸਟੈਂਟ ਪ੍ਰੋਫੈਸਰ

'ਇੰਡੀਆ' ਗੱਠਜੋੜ ਲਈ ਚੁਣੌਤੀਪੂਰਨ ਹੋਵੇਗੀ ਭਵਿੱਖ ਦੀ ਰਾਜਨੀਤੀ

ਨਿਤਿਆ ਚੱਕਰਵਰਤੀ

ਦੇਸ਼ 'ਚ 2024 'ਚ ਹੋਣ ਵਾਲੀਆਂ ਵੱਖ-ਵੱਖ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਆਖ਼ਰੀ ਦੌਰ ਸਮਾਪਤ ਹੋ ਗਿਆ ਹੈ। ਮਹਾਰਾਸ਼ਟਰ ਚੋਣਾਂ 'ਚ ਭਾਜਪਾ ਦੀ ਅਗਵਾਈ ਵਾਲੀ 'ਮਹਾਯੁਤੀ' ਦੀ ਵੱਡੀ ਜਿੱਤ ਨੇ ਭਾਜਪਾ ਨੂੰ 6 ਮਹੀਨੇ ਪਹਿਲਾਂ 2024 ਵਿਚ ਹੋਈਆਂ ਲੋਕ ਸਭਾ ਦੀਆਂ ਚੋਣਾਂ 'ਚ ਹੋਏ ਨੁਕਸਾਨ ਦੀ ਭਰਪਾਈ ਕਰਕੇ ਨਵਾਂ ਆਤਮ-ਵਿਸ਼ਵਾਸ ਦਿੱਤਾ ਹੈ। 'ਇੰਡੀਆ' ਗੱਠਜੋੜ ਲਈ ਵੀ ਝਾਰਖੰਡ ਵਿਧਾਨ ਸਭਾ ਚੋਣਾਂ 'ਚ ਮਿਲੀ ਸ਼ਾਨਦਾਰ ਜਿੱਤ ਇਕ ਸਾਕਾਰਾਤਮਕ ਸੰਕੇਤ ਹੈ। ਫਿਰ ਵੀ, ਹਰਿਆਣਾ ਚੋਣਾਂ 'ਚ ਹੈਰਾਨੀਜਨਕ ਜਿੱਤ ਨਾਲ ਭਾਜਪਾ ਦੋ ਦਾਅਵੇਦਾਰਾਂ (ਐੱਨ.ਡੀ.ਏ. ਅਤੇ ਇੰਡੀਆ ਗੱਠਜੋੜ) ਵਿਚਾਲੇ ਧਾਰਨਾਵਾਂ ਦੀ ਲੜਾਈ ਨੂੰ ਲੈ ਕੇ ਬਹੁਤ ਅੱਗੇ ਹੈ। ਹੁਣ 2025 ਤੇ 2026 ਦੀਆਂ ਵਿਧਾਨ ਸਭਾ ਚੋਣਾਂ ਦੋਹਾਂ ਗੱਠਜੋੜਾਂ ਲਈ ਅਗਲੀ ਚੁਣੌਤੀ ਹੋਵੇਗੀ।

2024 ਦੀਆਂ ਲੋਕ ਸਭਾ ਚੋਣਾਂ ਤੇ ਉਸ ਤੋਂ ਬਾਅਦ ਹਰਿਆਣਾ, ਮਹਾਰਾਸ਼ਟਰ ਤੇ ਝਾਰਖੰਡ 'ਚ ਹੋਈਆਂ ਵਿਧਾਨ ਸਭਾ ਚੋਣਾਂ ਨੇ ਦਿਖਾ ਦਿੱਤਾ ਹੈ ਕਿ ਭਾਰਤੀ ਵੋਟਰ ਆਪਣੇ ਚੋਣਾਵੀ ਵਿਹਾਰ 'ਚ ਕਾਫ਼ੀ ਅਸਥਿਰ ਹਨ ਅਤੇ ਉਨ੍ਹਾਂ ਦਾ ਮੂਡ ਬਹੁਤ ਤੇਜ਼ੀ ਨਾਲ ਬਦਲਦਾ ਹੈ। ਪਹਿਲਾਂ ਦੀਆਂ ਚੋਣਾਂ 'ਚ ਮਿਲੇ ਫਾਇਦਿਆਂ ਨੂੰ ਬੇਅਸਰ ਕਰਨ ਵਾਲੇ ਨਵੇਂ ਕਾਰਕ ਸਾਹਮਣੇ ਆਉਂਦੇ ਹਨ,ਜੋ ਭਾਰਤੀ ਵੋਟਰਾਂ ਦੀ ਪਰਿਪੱਕਤਾ ਨੂੰ ਸਾਬਤ ਕਰਦੇ ਹਨ। ਅਜਿਹੇ ਬਦਲਦੇ ਮਾਹੌਲ 'ਚ ਉਭਰਦੀ ਸਿਆਸੀ ਮਨੋਦਸ਼ਾ ਦਾ ਸਹੀ ਮੁੱਲਾਂਕਣ ਕਰਨਾ ਦੋਵੇਂ ਗੱਠਜੋੜਾਂ ਦੇ ਸਿਆਸੀ ਰਣਨੀਤੀਕਾਰਾਂ ਲਈ ਕਠਿਨ ਕੰਮ ਹੈ।

ਲੋਕ ਸਭਾ ਚੋਣਾਂ ਦੇ ਬਾਅਦ ਪਿਛਲੇ 6 ਮਹੀਨਿਆਂ 'ਚ 'ਇੰਡੀਆ ਬਲਾਕ' ਨੂੰ ਚੋਣ ਨਤੀਜਿਆਂ 'ਚ ਕੁਝ ਝਟਕੇ ਲੱਗੇ ਹਨ, ਪਰ ਕੁਝ ਚੰਗੀਆਂ ਗੱਲਾਂ ਵੀ ਹੋਈਆਂ ਹਨ। ਇੰਡੀਆ ਗੱਠਜੋੜ ਨੂੰ ਇਸ ਉਲਟਫੇਰ ਤੋਂ ਢੁਕਵਾਂ ਸਬਕ ਲੈਂਦਿਆਂ ਸੁਧਾਰ ਦੀ ਪ੍ਰਕਿਰਿਆ ਸ਼ੁਰੂ ਕਰਨੀ ਪਵੇਗੀ ਤਾਂ ਜੋ ਐਨ.ਡੀ.ਏ. ਖਾਸ ਕਰ ਕੇ ਭਾਜਪਾ ਨੂੰ ਐਨ.ਡੀ.ਏ. ਸ਼ਾਸਿਤ ਸੂਬਿਆਂ 'ਚ ਰੋਕਿਆ ਜਾ ਸਕੇ, ਜਿਥੇ ਅਗਲੇ 2 ਸਾਲਾਂ ਦੌਰਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਦੋ ਸਬਕ ਹਨ, ਪਹਿਲਾ- ਮਹਾਰਾਸ਼ਟਰ 'ਚ ਮਹਿਲਾਵਾਂ ਕੇਂਦਰਿਤ ਯੋਜਨਾਵਾਂ ਨੂੰ ਅੰਤਿਮ ਸਮੇਂ 'ਚ ਲਾਗੂ ਕੀਤੇ ਜਾਣ ਨੇ ਮਹਿਲਾ ਵੋਟਰਾਂ 'ਤੇ ਵੱਡਾ ਪ੍ਰਭਾਵ ਪਾਇਆ, ਜਿਸ ਦੇ ਚੱਲਦੇ ਮਹਾਯੁਤੀ ਦੀ ਭਾਰੀ ਜਿੱਤ ਹੋਈ। ਦੂਸਰਾ- ਝਾਰਖੰਡ 'ਚ ਆਦਿਵਾਸੀ, ਭਾਜਪਾ ਦੀਆਂ ਹੇਮੰਤ ਸੋਰੇਨ ਵਿਰੋਧੀ ਸਭ ਮੁਹਿੰਮਾਂ ਨੂੰ ਖਾਰਜ ਕਰਦਿਆਂ ਇੰਡੀਆ ਗੱਠਜੋੜ ਨਾਲ ਖੜ੍ਹੇ ਰਹੇ।

2025 'ਚ ਪਹਿਲੀਆਂ ਚੋਣਾਂ ਫਰਵਰੀ 'ਚ ਦਿੱਲੀ ਵਿਧਾਨ ਸਭਾ ਦੀਆਂ ਹੋਣੀਆਂ ਹਨ। ਇਸ ਤੋਂ ਬਾਅਦ ਸਾਲ ਦੇ ਅਖੀਰ 'ਚ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਹੋਣਗੀਆਂ। ਦਿੱਲੀ ਦੀ ਗੱਲ ਕਰੀਏ ਤਾਂ 'ਆਪ' ਨੇ ਫ਼ੈਸਲਾ ਕੀਤਾ ਹੈ ਕਿ ਕਾਂਗਰਸ ਤੋਂ ਵੱਖ ਰਹਿ ਕੇ ਇਕੱਲਿਆਂ ਚੋਣ ਲੜੇਗੀ। 'ਆਪ' ਦਾ ਮੰਨਣਾ ਹੈ ਕਿ ਪਿਛਲੀ ਲੋਕ ਸਭਾ ਚੋਣਾਂ ਦੇ ਨਤੀਜੇ ਜੋ ਵੀ ਰਹੇ ਹੋਣ, ਪਰ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਇਕੱਲਿਆਂ ਲੜ ਕੇ ਭਾਜਪਾ ਨੂੰ ਹਰਾਉਣ 'ਚ ਆਸਾਨੀ ਰਹੇਗੀ। ਜੇਕਰ ਇੰਡੀਆ ਗੱਠਜੋੜ ਦੀਆਂ ਦੋਵੇਂ ਸਹਿਯੋਗੀ ਪਾਰਟੀਆਂ ਆਪੋ-ਆਪਣੀ ਗੱਲ 'ਤੇ ਕਾਇਮ ਰਹਿੰਦੀਆਂ ਹਨ ਤਾਂ ਦਿੱਲੀ 'ਚ ਤਿਕੋਣੇ ਮੁਕਾਬਲੇ ਹੋਣਗੇ, ਜਿਸ ਦਾ ਫਾਇਦਾ ਭਾਜਪਾ ਨੂੰ ਮਿਲ ਸਕਦਾ ਹੈ। 'ਆਪ' ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦਿੱਲੀ ਕੋਈ ਕੇਰਲਾ ਨਹੀਂ ਹੈ, ਭਾਜਪਾ ਦਾ ਦਿੱਲੀ 'ਚ ਆਧਾਰ ਬਹੁਤ ਮਜ਼ਬੂਤ ਹੈ ਤੇ ਇਸ ਵਾਰ ਉਹ 'ਆਪ' ਨੂੰ ਚੁਣੌਤੀ ਦੇਣ ਲਈ ਬਿਹਤਰ ਸਥਿਤੀ 'ਚ ਵੀ ਹੈ। ਇੰਡੀਆ ਗੱਠਜੋੜ ਦੇ ਸੀਨੀਅਰ ਨੇਤਾਵਾਂ ਨੂੰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਾਂਗ ਦੋਹਾਂ ਪਾਰਟੀਆਂ 'ਚ ਆਪਸੀ ਸਹਿਮਤੀ ਬਣ ਜਾਵੇ। ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਨਤੀਜੇ ਕਿਸੇ ਵੀ ਤਰ੍ਹਾਂ ਦੇ ਨਿਕਲ ਸਕਦੇ ਹਨ।

ਬਿਹਾਰ ਦੇ ਮਾਮਲੇ 'ਚ ਇੰਡੀਆ ਗੱਠਜੋੜ ਵਲੋਂ ਮੁੱਖ ਜ਼ਿੰਮੇਵਾਰੀ ਆਰ.ਜੇ.ਡੀ. ਦੀ ਹੋਵੇ